NSW GOVERNMENT

# What do I need to know if my child is suspended?

## Parent/carer information

# ਜੇ ਮੇਰੇ ਬੱਚੇ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਤਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

## ਮਾਪੇ/ਸੰਭਾਲ ਕਰਨ ਵਾਲੇ ਲਈ ਜਾਣਕਾਰੀ

### ਮੁਅੱਤਲੀ ਕੀ ਹੈ?

ਮੁਅੱਤਲੀ ਉਦੋਂ ਹੁੰਦੀ ਹੈ ਜਦੋਂ ਸਕੂਲ ਕਿਸੇ ਵਿਦਿਆਰਥੀ ਨੂੰ ਕੁਝ ਸਮੇਂ ਲਈ ਸਕੂਲ ਨਾ ਆਉਣ ਲਈ ਕਹਿੰਦਾ ਹੈ। ਕਿੰਡਰਗਾਰਟਨ ਤੋਂ ਲੈ ਕੇ ਦੂਸਰੀ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ 5 ਸਕੂਲੀ ਦਿਨਾਂ ਤੱਕ ਮੁਅੱਤਲ ਕੀਤਾ ਜਾ ਸਕਦਾ ਹੈ ਅਤੇ ਤੀਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ 10 ਸਕੂਲੀ ਦਿਨਾਂ ਤੱਕ ਮੁਅੱਤਲ ਕੀਤਾ ਜਾ ਸਕਦਾ ਹੈ।

ਪ੍ਰਿੰਸੀਪਲ ਕਿਸੇ ਵਿਦਿਆਰਥੀ ਨੂੰ ਮੁਅੱਤਲ ਕਰ ਸਕਦੇ ਹਨ ਜਦੋਂ ਵਿਦਿਆਰਥੀ ਦਾ ਚਿੰਤਾ ਵਾਲਾ ਵਿਵਹਾਰ ਦੂਜਿਆਂ ਨੂੰ ਜਾਂ ਪੜ੍ਹਾਉਣ ਅਤੇ ਪੜ੍ਹਨ ਲਈ ਅਸਵੀਕਾਰਯੋਗ ਖ਼ਤਰਾ ਪੈਦਾ ਕਰਦਾ ਹੈ।

ਪ੍ਰਿੰਸੀਪਲ ਉਦੋਂ ਮੁਅੱਤਲ ਕਰ ਸਕਦੇ ਹਨ ਜਦੋਂ ਉਹ ਪਹਿਲਾਂ ਹੀ ਵਿਦਿਆਰਥੀਆਂ ਦੇ ਵਿਵਹਾਰ/ਰਾਂ ਨੂੰ ਹੋਰ ਤਰੀਕਿਆਂ ਨਾਲ ਠੀਕ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹੁੰਦੇ ਹਨ ਅਤੇ ਵਿਦਿਆਰਥੀ ਦੇ ਸਕੂਲ ਵਿੱਚ ਹਾਜ਼ਰ ਨਾ ਹੁੰਦੇ ਹੋਏ ਸਕੂਲ ਨੂੰ ਉਸਦੇ ਵਿਵਹਾਰ ਨੂੰ ਠੀਕ ਕਰਨ ਅਤੇ ਇਹ ਯੋਜਨਾ ਬਣਾਉਣ ਲਈ ਸਮਾਂ ਚਾਹੀਦਾ ਹੈ ਕਿ ਹਰ ਕਿਸੇ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ। ਪ੍ਰਿੰਸੀਪਲਾਂ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਕਰਦੇ ਸਮੇਂ ਵਿਦਿਆਰਥੀ ਦੇ ਵਿਵਹਾਰ ਅਤੇ ਲੋੜਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਜੇ ਵਿਵਹਾਰ ਗੰਭੀਰ ਹੈ ਜਾਂ ਸੁਰੱਖਿਆ ਦਾ ਮੁੱਦਾ ਹੈ, ਤਾਂ ਤੁਹਾਡੇ ਬੱਚੇ ਨੂੰ ਤੁਰੰਤ ਮੁਅੱਤਲ ਕੀਤਾ ਜਾ ਸਕਦਾ ਹੈ।

### ਜੇ ਮੇਰੇ ਬੱਚੇ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਜਿੱਥੇ ਉਚਿਤ ਹੋਵੇ, ਪ੍ਰਿੰਸੀਪਲ ਨੂੰ ਲਾਜ਼ਮੀ ਤੌਰ 'ਤੇ ਵਿਦਿਆਰਥੀ ਨੂੰ ਜ਼ੁਬਾਨੀ ਤੌਰ 'ਤੇ ਦੱਸਣਾ ਚਾਹੀਦਾ ਹੈ। ਜਿੱਥੇ ਸੰਭਵ ਹੋਵੇ, ਉਹਨਾਂ ਨੂੰ ਤੁਰੰਤ ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਜ਼ੁਬਾਨੀ ਤੌਰ 'ਤੇ ਜਾਂ 24 ਘੰਟਿਆਂ ਦੇ ਅੰਦਰ ਸੂਚਿਤ ਕਰਨਾ ਚਾਹੀਦਾ ਹੈ। ਮੁਅੱਤਲੀ ਦਾ ਜਵਾਬ ਦੇਣ ਲਈ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਕੂਲ ਨਾਲ ਮਿਲਣ ਦਾ ਮੌਕਾ ਦਿੱਤਾ ਜਾਣਾ ਲਾਜ਼ਮੀ ਹੈ। ਸਕੂਲ ਤੁਹਾਡੇ ਨਾਲ ਰਣਨੀਤੀਆਂ ਅਤੇ ਸਹਾਇਤਾ ਕਰਨ ਲਈ ਕੰਮ ਕਰੇਗਾ ਜੋ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ।

ਪ੍ਰਿੰਸੀਪਲ ਤੁਹਾਨੂੰ ਮੁਅੱਤਲੀ ਦਾ ਲਿਖਤੀ ਨੋਟਿਸ ਵੀ ਪ੍ਰਦਾਨ ਕਰੇਗਾ/ਗੀ, ਜਿਸ ਵਿੱਚ ਤੁਹਾਡੇ ਬੱਚੇ ਨੂੰ ਮੁਅੱਤਲ ਕੀਤੇ ਜਾਣ ਦੇ ਕਾਰਨ, ਮੁਅੱਤਲੀ ਦੇ ਵੇਰਵੇ ਅਤੇ ਸਮਾਂ ਸੀਮਾ ਸ਼ਾਮਲ ਹੈ

ਮੁਅੱਤਲੀ ਦੌਰਾਨ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸਕੂਲ ਮੁਅੱਤਲੀ ਦੇ ਦੌਰਾਨ ਪੜ੍ਹਦੇ ਰਹਿਣ ਲਈ ਤੁਹਾਡੇ ਬੱਚੇ ਨੂੰ ਸਹਾਇਤਾ ਪ੍ਰਦਾਨ ਕਰੇਗਾ ਅਤੇ ਤੁਹਾਨੂੰ ਅਤੇ ਤੁਹਾਡੇ ਬੱਚੇ ਤੋਂ ਪਤਾ ਕਰਦਾ ਰਹੇਗਾ। ਮੁਅੱਤਲੀ ਦੌਰਾਨ ਤੁਹਾਡੇ ਬੱਚੇ ਦੀ ਭਲਾਈ ਦਾ ਸਮਰਥਨ ਕਿਵੇਂ ਕਰਨਾ ਹੈ ਇਸ ਬਾਰੇ ਜਾਣਕਾਰੀ ਉਪਲਬਧ ਹੈ।

### ਮੁਅੱਤਲੀ ਦੀ ਮਿਆਦ ਵਿੱਚ ਵਾਧਾ

ਜੇ ਮੁਅੱਤਲੀ ਦੀ ਮਿਆਦ, ਸਹਾਇਤਾ ਦੀ ਯੋਜਨਾ ਬਣਾਉਣ ਲਈ ਲੋੜੀਂਦਾ ਸਮਾਂ ਪ੍ਰਦਾਨ ਨਹੀਂ ਕਰਦੀ ਜਾਂ ਕੋਈ ਚੱਲ ਰਿਹਾ ਸੁਰੱਖਿਆ ਖ਼ਤਰਾ ਹੈ ਜਿਸ ਦਾ ਅਜੇ ਪ੍ਰਬੰਧ ਨਹੀਂ ਕੀਤਾ ਗਿਆ ਹੈ, ਤਾਂ ਪ੍ਰਿੰਸੀਪਲ ਮੁਅੱਤਲੀ ਨੂੰ ਵਧਾ ਸਕਦਾ ਹੈ। ਜੇ ਇਸ ਨੂੰ ਵਧਾਇਆ ਜਾਂਦਾ ਹੈ, ਤਾਂ ਮਾਪਿਆਂ/ਸੰਭਾਲ ਕਰਨ ਵਾਲਿਆਂ ਨੂੰ ਮੁਅੱਤਲੀ ਦੀ ਖ਼ਾਤਮੇ ਤੋਂ ਪਹਿਲਾਂ ਸੂਚਿਤ ਕੀਤਾ ਜਾਵੇਗਾ।

### ਕੀ ਮੈਂ ਮੁਅੱਤਲੀ ਲਈ ਅਪੀਲ ਕਰ ਸਕਦਾ/ਦੀ ਹਾਂ?

ਹਾਂ, ਜੇ ਤੁਸੀਂ ਮੰਨਦੇ ਹੋ ਕਿ ਪ੍ਰਿੰਸੀਪਲ ਨੇ ਗਲਤ ਫ਼ੈਸਲਾ ਲਿਆ ਜਾਂ ਨੀਤੀ ਅਤੇ ਪ੍ਰਕਿਰਿਆਵਾਂ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕੀਤੀ। ਅਪੀਲ ਸਰੋਤ ਵੇਖੋ।

ਆਪਣੇ ਬੱਚੇ ਦੀ ਵਕਾਲਤ ਕਰਨ ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ, ਅਤੇ ਨਾਲ ਹੀ ਸਕੂਲ ਕਮਿਊਨਿਟੀ ਚਾਰਟਰ ਜੋ ਸਕੂਲਾਂ ਨਾਲ ਸੰਚਾਰ ਕਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

### ਮੁਅੱਤਲੀ ਦਾ ਹੱਲ ਕੱਢਣ ਵਾਲੀ ਮੀਟਿੰਗ ਕੀ ਹੈ?

ਤੁਹਾਡਾ ਬੱਚਾ ਮੁਅੱਤਲੀ ਖਤਮ ਹੋਣ ਵਾਲੀ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ ਸਕੂਲ ਵਾਪਸ ਆ ਜਾਵੇਗਾ। ਸਕੂਲ ਨਾਲ ਤੁਹਾਡੀ ਸਕਾਰਾਤਮਕ ਸ਼ਮੂਲੀਅਤ ਤੁਹਾਡੇ ਬੱਚੇ ਦੇ ਵਿਵਹਾਰ ਦਾ ਪ੍ਰਬੰਧ ਕਰਨ ਅਤੇ ਇਕੱਠੇ ਹੱਲ ਵਿਕਸਤ ਕਰਨ ਵਿੱਚ ਬਹੁਤ ਮਹੱਤਵਪੂਰਨ ਹੈ। ਤੁਹਾਡੇ ਬੱਚੇ ਦੇ ਵਾਪਸ ਆਉਣ ਤੋਂ ਪਹਿਲਾਂ ਸਕੂਲ ਤੁਹਾਡੇ ਬੱਚੇ ਨਾਲ ਨੇੜਿਓਂ ਕੰਮ ਕਰਨ ਵਾਲੇ ਸਕੂਲ ਦੇ ਅਮਲੇ ਨਾਲ ਹੱਲ ਕੱਢਣ ਵਾਲੀ ਮੀਟਿੰਗ ਦਾ ਪ੍ਰਬੰਧ ਕਰਨ ਲਈ ਫ਼ੋਨ ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ।

ਮੀਟਿੰਗ ਵਿਅਕਤੀਗਤ ਤੌਰ 'ਤੇ, ਫੋਨ ਰਾਹੀਂ ਜਾਂ ਔਨਲਾਈਨ ਤਰੀਕੇ ਨਾਲ ਹੋ ਸਕਦੀ ਹੈ ਜੋ ਸਕਾਰਾਤਮਕ ਵਿਚਾਰ ਵਟਾਂਦਰੇ ਦਾ ਸਭ ਤੋਂ ਵਧੀਆ ਮੌਕਾ ਦੇਵੇਗਾ। ਮੀਟਿੰਗ ਇਸ ਬਾਰੇ ਹੋਵੇਗੀ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਵਾਪਸ ਆਉਣ 'ਤੇ ਉਸ ਦੀ ਸਹਾਇਤਾ ਕਰਨ ਲਈ ਮਿਲ ਕੇ ਕਿਵੇਂ ਕੰਮ ਕਰ ਸਕਦੇ ਹੋ। ਤੁਸੀਂ ਮੀਟਿੰਗ ਵਿੱਚ ਆਪਣੇ ਨਾਲ ਕਿਸੇ ਸਹਾਇਕ ਵਿਅਕਤੀ ਨੂੰ ਲਿਆ ਸਕਦੇ ਹੋ। ਸਹਾਇਤਾ ਕਰਨ ਵਾਲਾ ਵਿਅਕਤੀ ਕੋਈ ਅਜਿਹਾ ਵਿਅਕਤੀ ਹੋ ਸਕਦਾ ਹੈ ਜੋ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚੇ ਨੂੰ ਵਿਹਾਰਕ ਅਤੇ/ਜਾਂ ਭਾਵਨਾਤਮਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

ਚਿੰਤਾ ਦੇ ਵਿਵਹਾਰਾਂ ਵਾਸਤੇ ਜਿੰਨ੍ਹਾਂ ਨੂੰ ਵਧੇਰੇ ਰਣਨੀਤੀਆਂ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ, ਸਕੂਲ ਤੁਹਾਡੀ ਅਤੇ ਤੁਹਾਡੇ ਬੱਚੇ ਨਾਲ ਉਹਨਾਂ ਦੀ ਸਹਾਇਤਾ ਕਰਨ ਅਤੇ ਕਿਸੇ ਵੀ ਖ਼ਤਰਿਆਂ ਨੂੰ ਘਟਾਉਣ ਲਈ ਯੋਜਨਾ ਵਿਕਸਤ ਕਰਨ ਲਈ ਕੰਮ ਕਰੇਗਾ। ਹੋ ਸਕਦਾ ਹੈ ਤੁਹਾਡੇ ਬੱਚੇ ਕੋਲ ਪਹਿਲਾਂ ਹੀ ਕੋਈ ਯੋਜਨਾ ਹੋਵੇ। ਜੇ ਕੋਈ ਯੋਜਨਾ ਪਹਿਲਾਂ ਹੀ ਮੌਜੂਦ ਹੈ, ਤਾਂ ਇਸ ਨੂੰ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਵਿੱਚ ਮਦਦ ਕਰਨ ਲਈ ਸੁਧਾਰਿਆ ਜਾਵੇਗਾ। ਇਹ ਯੋਜਨਾ ਤੁਹਾਡੇ ਨਾਲ ਅਤੇ ਸਕੂਲ ਦੇ ਹੋਰ ਅਮਲੇ ਨਾਲ ਸਾਂਝੀ ਕੀਤੀ ਜਾਵੇਗੀ ਜੋ ਤੁਹਾਡੇ ਬੱਚੇ ਦਾ ਸਮਰਥਨ ਕਰਦੇ ਹਨ।

### ਜੇ ਵਿਵਹਾਰ ਦੁਬਾਰਾ ਵਾਪਰਦਾ ਹੈ ਤਾਂ ਕੀ ਹੋਵੇਗਾ?

ਜੇ ਚਿੰਤਾ ਵਾਲਾ ਵਿਵਹਾਰ ਦੁਬਾਰਾ ਵਾਪਰਦਾ ਹੈ, ਤਾਂ ਪ੍ਰਿੰਸੀਪਲ ਅਤੇ ਸਕੂਲ ਦੀ ਪੜ੍ਹਾਉਣ ਵਾਲੀ ਸਹਾਇਤਾ ਟੀਮ ਤੁਹਾਡੇ ਬੱਚੇ ਦੀ ਪੜ੍ਹਾਈ ਦਾ ਸਮਰਥਨ ਕਰਨ ਦੇ ਤਰੀਕਿਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੇਗੀ ਜਿਸ ਵਿੱਚ ਇੱਕ ਹੋਰ ਮੁਅੱਤਲੀ ਸ਼ਾਮਲ ਹੋ ਸਕਦੀ ਹੈ ਇਸ ਵਿੱਚ ਵਿਭਾਗ ਦੇ ਅੰਦਰਲੇ ਮਾਹਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰਨ ਲਈ ਪੁੱਛਣਾ ਸ਼ਾਮਲ ਹੋ ਸਕਦਾ ਹੈ।

### ਮੈਨੂੰ ਸਕੂਲ ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ?

ਤੁਸੀਂ ਸਕੂਲ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਪੁੱਛ ਸਕਦੇ ਹੋ ਕਿ ਕੀ ਵਾਪਰਿਆ ਹੈ ਅਤੇ ਕਿਉਂ। ਸਕੂਲ ਨੂੰ ਤੁਹਾਨੂੰ ਕਿਸੇ ਵੀ ਫੈਸਲੇ ਦੇ ਪਿੱਛੇ ਦੇ ਤਰਕ ਬਾਰੇ ਦੱਸਣਾ ਚਾਹੀਦਾ ਹੈ, ਕਿਹੜੀਆਂ ਕਾਰਵਾਈਆਂ ਹੋਣਗੀਆਂ ਅਤੇ ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਕੀ ਕਰਨਾ ਹੈ।

### ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਸਕੂਲ ਨਾਲ ਸੰਪਰਕ ਕਰਨਾ ਚਾਹੋ ਅਤੇ ਤੁਹਾਨੂੰ ਅੰਗਰੇਜ਼ੀ ਵਿੱਚ ਸਹਾਇਤਾ ਚਾਹੀਦੀ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰਕੇ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਵਿੱਚ ਸਹਾਇਤਾ ਚਾਹੀਦੀ ਹੈ ਅਤੇ ਅਪਰੇਟਰ ਨੂੰ ਕਹੋ ਕਿ ਉਹ ਸਕੂਲ ਨੂੰ ਫ਼ੋਨ ਕਰੇ। ਅਪਰੇਟਰ ਇੱਕ ਦੁਭਾਸ਼ੀਏ ਨੂੰ ਤੁਹਾਡੀ ਗੱਲ ਬਾਤ ਵਿੱਚ ਸਹਾਇਤਾ ਕਰਨ ਲਈ ਲਾਈਨ 'ਤੇ ਲਿਆਵੇਗਾ/ਲਿਆਵੇਗੀ। ਤੁਹਾਨੂੰ ਇਸ ਸੇਵਾ ਲਈ ਕੋਈ ਵੀ ਫ਼ੀਸ ਨਹੀਂ ਦੇਣੀ ਪਵੇਗੀ।